# ਰਿਹਾਇਸ਼

ਕੈਲਗਰੀ ਸਿਟੀ ਵਲੋਂ ਬਜੁਰਗਾਂ (ਸੀਨੀਅਰਸ) ਲਈ ਬਹੁਤ ਸਾਰੀਆਂ ਰਿਹਾਇਸ਼ੀ ਸਹੂਲਤਾਂ ਉਪਲਭਧ ਹਨ । ਇਸ ਵਿਚ ਰਿਆਇਤੀ ਰਿਆਇਸ਼, ਕਿਰਾਏ ਤੇ ਪਰਾਈਵੇਟ ਅਪਾਰਟਮੈਂਟਸ (ਬਾਲਗਾਂ ਦੇ ਰਹਿਣ ਵਾਲੇ ਅਪਾਰਟਮੈਂਟਸ) ਰਿਹਾਇਸ਼ੀ ਲੌਜਾਂ, ਅਤੇ ਕੋਂਡੋ ਆਦਿ ਦੇ ਪਰੋਜੈਕਟ ਬਜੁਰਗਾਂ ਅਤੇ ਪਰਾਈਵੇਟ ਰਿਹਾਈਸ਼ੀ ਸਹੂਲਤਾਂ ਅਨੁਸਾਰ ਬਣਾਏ ਗਏ ਹਨ । ਸੀਨੀਅਰਸ ਦੀ ਰਿਹਾਇਸ਼ ਬਾਰੇ ਪੂਰੀ ਜਾਣਕਾਰੀ ਲਈ ਕਰਬੀ ਹਾਊਸਿੰਗ ਦੀ ਇਸ ਵੈਬਸਾਈਟ ਤੇ ਸਰਚ ਕਰੋ: http://db.kerbycentre.com/dbtw-wpd/searchhousing.asp

**ਜਰੂਰੀ ਨੋਟ:** ਕੁਝ ਤਰਾਂ ਦੀਆਂ ਰਿਹਾਇਸ਼ੀ ਸਹੂਲਤਾਂ ਬਜੁਰਗਾਂ ਦੇ ਕੈਲਗਰੀ ਜਾਂ ਐਲਬਰਟਾ ਵਿਚ ਮਿਥੇ ਹੋਏ ਸਮੇਂ ਤਕ ਆਵਾਸੀ ਹੋਣ ਤੇ ਨਿਰਭਰ ਕਰਦੀਆਂ ਹਨ । ਇਹ ਸਮਾਂ ਇਕ ਜਾਂ ਦਸ ਸਾਲ ਤਕ ਦਾ ਹੋ ਸਕਦਾ ਹੈ, ਜੋ ਬਿਲਡਿੰਗ ਤੇ ਨਿਰਭਰ ਕਰਦਾ ਹੈ । ਜੇਕਰ ਰਿਹਾਇਸ਼ ਦੀ ਜਰੂਰਤ ਹੈ ਤਾਂ ਕਿਰਪਾ ਕਰਕੇ ਹੇਠ ਲਿਖੀ ਜਾਣਕਾਰੀ ਪੜੋ ।

## ਬਾਲਗਾਂ ਦੀ ਰਿਹਾਇਸ਼ ਲਈ ਅਪਾਰਟਮੈਂਟਸ (ਸਵਾਧੀਨ ਰਿਹਾਇਸ਼)

* ਉਹ ਇਮਾਰਤਾਂ ਜਿਨਾਂ ਦਾ ਮਾਲਕ ਕੋਈ ਇਕ ਵਿਅਕਤੀ ਜਾਂ ਕੰਪਨੀ ਹੈ ।
* ਕਿਰਾਇਆ ਮਾਰਕੀਟ ਰੇਟ ਦੇ ਅਨੁਸਾਰ ਹੈ ਅਤੇ ਆਮਤੌਰ ਤੇ ਲੀਜ਼ ਦੀ ਜ਼ਰੂਰਤ ਹੁੰਦੀ ਹੈ ।
* ਕਈ ਥਾਂਵਾਂ ਤੇ ਸਮਾਜਿਕ/ਮਨੋਰੰਜਨ ਦੀ ਥਾਂ, ਵਰਕਸ਼ਾਂਪਾਂ ਅਤੇ ਸਵਿੰਮਿਗ ਪੂਲ ਆਦਿ ਦੀ ਸਹੂਲਤ ਹੈ
* ਆਮਤੌਰ ਤੇ ਹੀਟ ਦਾ ਖਰਚਾ ਕਿਰਾਏ ਵਿਚ ਸ਼ਾਮਿਲ ਹੁੰਦਾ ਹੈ, ਪਰ ਬਿਜਲੀ, ਪਾਰਕਿੰਗ,ਕੇਬਲ ਅਤੇ ਫ਼ੋਨ ਦਾ ਨਹੀਂ ।
* ਸਫ਼ਾਈ ਆਦ ਦੀ ਸਹੂਲਤ ਆਮ ਤੌਰ ਤੇ ਨਹੀਂ ਦਿਤੀ ਜਾਂਦੀ ।

ਇਸ ਤਰਾਂ ਦੀ ਰਿਹਾਇਸ਼ ਦੀ ਲਿਸਟ ਇਸ ਵੈਬਸਾਈਟ ਤੇ ਅੱਡਲਟ ਲਾਈਫ਼ਸਟਾਈਲ ਅਪਾਰਟਮੈਂਟਸ ਸੈਕਸ਼ਨ ਵਿਚੋਂ ਹਾਸਿਲ ਕਰੋ : http://db.kerbycentre.com/dbtw-wpd/searchhousing.asp

## ਪਾਲਤੂ ਜੀਵਾਂ ਨੂੰ ਰੱਖ ਸਕਣ ਵਾਲੀ ਰਿਹਾਇਸ਼ (ਸਵਾਧੀਨ ਰਿਹਾਇਸ਼)

* ਐਸੀ ਰਿਹਾਇਸ਼ ਜਿਥੇ ਬਿਲੀਆਂ ਅਤੇ/ਜਾਂ ਕੁਤੇ ਰਖਣ ਦੀ ਇਜ਼ਾਜਤ ਹੋਵੇ ।
* ਜਿਨਾਂ ਬਿਲਡਿੰਗਾਂ ਵਿਚ ਪਾਲਤੂ ਜੀਵਾਂ ਨੂੰ ਰਖਣ ਦੀ ਇਜਾਜ਼ਤ ਹੁੰਦੀ ਹੈ, ਉਹਨਾਂ ਦਾ ਕਿਰਾਯਾ ਮਾਰਕਿਟ ਰੇਟ ਤੇ ਲਿਆ ਜਾਂਦਾ ਹੈ । ਰਿਆਇਤੀ ਅਪਾਰਟਮੈਂਟਸ ਕੇਵਲ ਬਿਲੀਆਂ ਰਖਣ ਦੀ ਹੀ ਇਜਾਜ਼ਤ ਦਿੰਦੇ ਹਨ ।
* ਪਾਲਤੂ ਜੀਵਾਂ ਤੋਂ ਨੁਕਸਾਨ ਦੀ ਪੂਰਤੀ ਲਈ ਕੁਝ ਰਕਮ ਜਮਾਂ ਕਰਵਾਣੀ ਪੈਂਦੀ ਹੈ, ਜਾਂ ਖਾਸ ਬੀਮਾ ਕਰਵਾਊਣਾ ਪੈਂਦਾ ਹੈ ।
* ਕੁਤੇ ਰਖਣ ਲਈ ਕੁਝ ਸ਼ਰਤਾਂ ਹੋ ਸਕਦੀਆਂ ਹਨ, ਜਿਵੇਂ ਕੋਈ ਕੁਤਾ 15 ਇੰਚ ਤੋਂ ਉਚਾ ਨਾ ਹੋਵੇ ।
* ਬਹੁਤ ਹੀ ਘਟ ਅਪਾਰਟਮੈਂਟਸ ਬਜੁਰਗਾਂ ਲਈ ਪਾਲਤੂ ਜੀਵ ਰਖਣ ਦੀ ਇਜ਼ਾਜਤ ਦਿੰਦੇ ਹਨ ।

ਇਸ ਤਰਾਂ ਦੀ ਰਿਹਾਇਸ਼ ਦੀ ਲਿਸਟ ਇਸ ਵੈਬਸਾਈਟ ਤੇ ਪੈਟ ਫਰੈਂਡਲੀ ਅਕੌਮਅਡੇਇਸ਼ਨ ਦੇ ਸੈਕਸ਼ਨ ਤੋਂ ਹਾਸਿਲ ਕਰੋ : http://db.kerbycentre.com/dbtw-wpd/searchhousing.asp

## ਸੀਨੀਅਰ ਸਿਟੀਜ਼ਨਸ ਅਪਾਰਟਮੈਂਟਸ (ਰਿਆਇਤੀ ਸਵਾਧੀਨ ਰਿਹਾਇਸ਼)

* ਖਾਸ ਤੌਰ ਤੇ ਬਜੁਰਗਾਂ ਵਾਸਤੇ ਬਿਨਾ ਲਾਭ ਵਾਲੀ ਸਵਾਧੀਨ ਰਿਹਾਇਸ਼ ।
* ਇਸ ਤਰਾਂ ਦੀ ਰਿਹਾਇਸ਼ ਸਟੂਡੀਉ ਅਪਾਰਟਮੈਂਟ ਜਾਂ ਇਕ ਬੈਡਰੂਮ ਦੀ ਹੁੰਦੀ ਹੈ । ਦੋ ਬੈਡਰੂਮ ਵਾਲੇ ਅਪਾਰਟਮੈਂਟ ਬਹੁਤ ਹੀ ਘਟ ਹੁੰਦੇ ਹਨ, ਅਤੇ ਉਹ ਜੋੜਿਆਂ ਵਾਸਤੇ ਰਿਜ਼ਰਵ ਹੁੰਦੇ ਹਨ । ਸਟੂਡੀਉ ਸਵੀਟ ਦੇ ਕਿਰਾਏ ਤੇ ਡਿਸਕਾਊਂਟ ਮਿਲਦਾ ਹੈ ।
* ਰਿਹਾਇਸ਼ ਦੀਆਂ ਸ਼ਰਤਾਂ: ਦਰਖਾਸਤ ਦੇਣ ਵਾਲਾ:
    * ਕਨੇਡੀਅਨ ਸਿਟੀਜ਼ਨ ਜਾਂ ਪਰਮਾਂਨੈਂਟ ਰੈਜ਼ੀਡੈਂਟ ਹੋਵੇ ।
    * ਰਿਫ਼ਿਯੂਜ਼ੀ, ਜਿਸ ਨੂੰ ਕਨੇਡੀਅਨ ਸਰਕਾਰ ਨੇ ਸਪੌਂਸਰ ਕੀਤਾ ਹੋਵੇ ।
    * ਸਪੌਂਸਰ ਹੋਇਆ ਆਵਾਸੀ, ਜਿਸਨੂੰ ਸਪੌਂਸਰ ਕਰਨ ਵਾਲਾ ਹੁਣ ਮਾਲੀ ਤੌਰ ਤੇ ਸਮਰਥ ਨਹੀਂ ।
* **ਉਮਰ**: ਆਮ ਤੌਰ ਤੇ 65 ਸਾਲ ਤੋਂ ਉਪਰ । ਥਾਂ ਖਾਲੀ ਹੋਣ ਤੇ ਕਈ ਵਾਰੀ 50 ਸਾਲ ਤੋਂ ਵੱਧ ਉਮਰ ਵਾਲਿਆਂ ਨੂੰ ਵੀ ਇਸ ਤਰਾਂ ਦੀ ਰਿਹਾਇਸ਼ ਮਿਲ ਸਕਦੀ ਹੈ । ਉਮਰ ਦੀ ਲੋੜ ਦਾ ਵੇਰਵਾ ਹਰ ਇਕ ਬਿਲਡਿੰਗ ਅਨੁਸਾਰ ਕਰਬੀ ਰਿਹਾਇਸ਼ ਦੀ ਵੈਬਸਾਈਟ ਤੇ ਦਿਤਾ ਗਿਆ ਹੈ ।
* **ਆਮਦਨ**: ਇਕ ਬੈਡਰੂਮ ਯੂਨਿਟ ਲਈ ਸਾਲਾਨਾ ਆਮਦਨ 32,000 ਡਾਲਰ ਤੋਂ ਘੱਟ ਹੋਣੀ ਜਰੂਰੀ ਹੈ । ਇਹ ਸ਼ਰਤ ਇਕਲੇ ਬੰਦੇ ਜਾਂ ਜੋੜੇ ਦੋਨਾਂ ਲਈ ਹੈ ।
* **ਪੁਆਇੰਟ ਸਿਸਟਮ**: ਇੰਟਰਵੀਊ ਵਿਚ ਐਪਲਾਈ ਕਰਨ ਵਾਲੇ ਦੀ ਲੋੜ ਦੇਖੀ ਜਾਂਦੀ ਹੈ । ਬਜ਼ੁਰਗ ਦੀ ਆਮਦਨ, ਮੌਜੂਦਾ ਰਿਹਾਇਸ਼ ਦਾ ਕਿਰਾਇਆ, ਰਿਹਾਇਸ਼ ਬਦਲਣ ਦਾ ਕਾਰਣ ਅਤੇ ਕੀ ਮਾਜੂਦਾ ਰਿਹਾਇਸ਼ ਕਾਫ਼ੀ ਹੈ ਜਾਂ ਨਹੀਂ ਆਦਿ ਗਲਾਂ ਤੇ ਵਿਚਾਰ ਕੀਤਾ ਜਾਂਦਾ ਹੈ । ਨਿਯਤ ਕੀਤੀ ਗਈ ਰਕਮ ਉਤੇ ਸੀਮਾ ਵੀ ਲਾਈ ਜਾ ਸਕਦੀ ਹੈ ।
* **ਕਿਰਾਇਆ**: ਐਪਲਾਈ ਕਰਨ ਵਾਲੇ ਦੀ ਆਮਦਨ ਦਾ 30% ਦੇ ਹਿਸਾਬ ਨਾਲ ਮਿਥਿਆ ਜਾਂਦਾ ਹੈ (ਇਨਕਮ ਟੈਕਸ ਫਾਰਮ ਵਿਚ ਲਾਈਨ 150) । ਜੋੜੇ ਦੀ ਕੁਲ ਆਮਦਨ ਦੇਖੀ ਜਾਂਦੀ ਹੈ । ਬਿਜਲੀ, ਕੇਬਲ, ਪਾਰਕਿੰਗ ਅਤੇ ਫੋਨ ਦਾ ਖਰਚਾ ਵਖਰਾ ਹੋਵੇਗਾ ।
* **ਇਹਨਾਂ ਬਿਲਡਿੰਗਾਂ ਲਈ ਵੇਟਿੰਗ ਲਿਸਟ ਹੁੰਦੀ ਹੈ । ਇਹ ਜਰੂਰੀ ਹੈ ਕਿ ਵੱਧ ਤੋਂ ਵੱਧ ਥਾਂਵਾਂ ਤੇ ਐਪਲਾਈ ਕੀਤਾ ਜਾਵੇ ਅਤੇ ਅਪਾਰਟਮੈਂਟ ਮੈਨੇਜਰਾਂ ਨਾਲ ਸੰਪਰਕ ਰਖਿਆ ਜਾਵੇ । ਕਈ ਮਹੀਨੇ ਪਹਿਲਾਂ ਹੀ ਅਰਜ਼ੀ ਦੇਣੀ ਚਾਹੀਦੀ ਹੈ ।**

ਇਸ ਤਰਾਂ ਦੀ ਰਿਹਾਇਸ਼ ਦੀ ਲਿਸਟ ਲਈ ਇਸ ਵੈਬਸਾਈਟ ਤੇ http://db.kerbycentre.com/dbtw-wpd/searchhousing.asp ਸੀਨੀਅਰ ਸਿਟੀਜ਼ਨ ਸੱ*ਬਸੀਡਾਈਜ਼ਡ ਅਪਾਰਟਮੈਂਟ*ਸ ਦੀ ਸਾਈਟ ਤੋਂ ਜਾਣਕਾਰੀ ਲਈ ਜਾਵੇ ।

### ਬਿਨਾ ਲਾਭ ਵਾਲੀ ਰਿਹਾਇਸ਼ (ਸਵਾਧੀਨ ਰਿਹਾਇਸ਼)

* ਰਿਹਾਇਸ਼ ਦੀ ਮਾਲਕੀ ਜਾਂ ਮੈਨੇਜ ਕਰਨ ਵਾਲੀ ਬਿਨਾ ਲਾਭ ਲੈਣ ਵਾਲੀ ਸੰਸਥਾ ਜੋ ਕੁਝ ਹਦ ਤਕ ਸਰਕਾਰੀ ਸਬਸਿਡੀ ਤੇ ਆਧਾਰਿਤ ਹੋਵੇ ।
* ਕਿਰਾਏ ਮਾਰਕੀਟ ਰੇਟ ਤੋਂ ਘੱਟ ਅਤੇ ਆਮਦਨ ਦੇ ਆਧਾਰ ਤੇ ਹੁੰਦੇ ਹਨ ।

* ਕੁਝ ਰਿਹਾਇਸ਼ਾਂ ਕੇਵਲ ਬਜ਼ੁਰਗਾਂ ਲਈ ਹਨ, ਅਤੇ ਕਈ ਹੋਰ ਰਿਹਾਇਸ਼ਾਂ ਕਿਸੇ ਵੀ ਉਮਰ ਵਾਲਿਆਂ ਲਈ ਹੁੰਦੀਆਂ ਹਨ ।

* ਜ਼ਿਆਦਾਤਰ ਰਿਹਾਇਸ਼ ਸਟੂਡੀਉ ਜਾਂ ਇਕ ਬੈਡਰੂਮ ਅਪਾਰਟਮੈਂਟ ਦੀ ਹੁੰਦੀ ਹੈ ।

* ਰਿਹਾਇਸ਼ ਦੀ ਸ਼ਰਤ : ਕੁਝ ਸਹੂਲਤਾਂ ਪਰਵਾਰ ਵਲੋਂ ਸਪੌਂਸਰ ਕੀਤੇ ਆਵਾਸੀਆਂ ਲਈ ਵੀ ਵਿਚਾਰੀਆਂ ਜਾਂਦੀਆਂ ਹਨ, ਜਿਨਾਂ ਦੀ ਸਪੌਂਸਰਸ਼ਿਪ ਦਾ ਸਮਾਂ ਹਾਲੀ ਖ਼ਤਮ ਨਹੀਂ ਹੋਇਆ ਹੁੰਦਾ ਜਾਂ ਸਪੋਂਸਰਸ਼ਿਪ ਤੋੜ ਦਿਤੀ ਗਈ ਹੋਵੇ ।

ਇਸ ਤਰਾਂ ਦੀ ਰਿਹਾਇਸ਼ ਦੀ ਲਿਸਟ http://db.kerbycentre.com/dbtw-wpd/searchhousing.asp ਨੌਨ ਪਰੌਫਿਟ ਹਾਊਸਿੰਗ ਪਰੌਜੈਕਟਸ ਸੈਕਸ਼ਨ ਵਿਚੋਂ ਪਰਾਪਤ ਕੀਤੀ ਜਾ ਸਕਦੀ ਹੈ ।

**ਕੋਂਡੋ ਜਾਂ ਲਾਈਫ਼ ਲੀਜ਼ (ਸਵਾਧੀਨ ਰਿਹਾਇਸ਼ ਕਦੇ-ਕਦਾਈਂ ਵਾਧੂ ਸੇਵਾਵਾਂ ਨਾਲ)**

* **ਕੋਂਡੋ ਇਕ** ਇਸ ਤਰਾਂ ਦੀ ਸੰਪਤੀ ਹੈ ਜਿਸ ਵਿਚ ਖਰੀਦਦਾਰ ਇਕ ਰਿਹਾਇਸ਼ੀ ਹਿੱਸੇ ਨੂੰ ਖਰੀਦ ਲੈਂਦਾ ਹੈ, ਜਿਸ ਵਿਚ ਕੋਂਡੋਮੀਨਿਅਮ ਦੀ ਸਾਂਝੀ ਸੰਪਤੀ ਦਾ ਇਕ ਹਿੱਸਾ ਸ਼ਾਮਿਲ ਹੁੰਦਾ ਹੈ । ਮਾਲਕ ਆਪਣੇ ਸਵੀਟ ਦੀ ਸੰਭਾਲ ਦੇ ਆਪ ਜੁੰਮੇਵਾਰ ਹੁੰਦੇ ਹਨ, ਇਸ ਵਿਚ ਸਾਂਝੀ ਸੰਪਤੀ ਦੀ ਸੰਭਾਲ ਲਈ ਹਰ ਮਹੀਨੇ ਦੀ ਕੋਂਡੋ ਫ਼ੀਸ ਭਰਨ ਦੀ ਜੁੰਮੇਵਾਰੀ ਵੀ ਸ਼ਾਮਿਲ ਹੈ ।

* **ਲਾਈਫ਼ ਲੀਜ਼ :** ਵਸਨੀਕ ਅਤੇ ਉਸ ਪਰਬੰਧਕ ਵਿਚ ਇਕ ਇਕਰਾਰਨਾਮਾ ਹੁੰਦਾ ਹੈ, ਜੋ ਵਸਨੀਕ ਨੂੰ ਉਸਦੀ ਰਹਿੰਦੀ ਉਮਰ ਤੀਕ ਰਿਹਾਇਸ਼ ਦੀ ਮਾਲਕੀ ਦਾ ਹੱਕ ਮਨਜ਼ੂਰ ਕਰਦਾ ਹੈ । ਲਾਈਫ਼ ਲੀਜ਼ ਦੇ ਅਧਿਕਾਰ ਲੈਣ ਤੋਂ ਪਿਛੋਂ ਵਿਅਕਤੀ ਯੂਨਿਟ ਦੀ ਮਾਰਕੀਟ ਵੈਲਯੂ ਦਾ ਸਾਰਾ ਜਾਂ ਕੁਝ ਹਿੱਸਾ ਅਦਾ ਕਰਦਾ ਹੈ ਅਤੇ ਮਹੀਨੇ ਦੀ ਫ਼ੀਸ ਭਰਨ ਦੀ ਹਾਮੀ ਭਰਦਾ ਹੈ । ਮਹੀਨੇ ਦੀ ਫ਼ੀਸ ਦਾ ਹਿਸਾਬ ਮੌਜੂਦਾ ਦੇਖ-ਭਾਲ ਅਤੇ ਮੂਲ ਨਕਦ ਰਕਮ ਤੇ ਨਿਰਭਰ ਕਰਦਾ ਹੈ । ਜਿਨੀ ਜ਼ਿਆਦਾ ਰਕਮ ਪਹਿਲਾਂ ਦਿਤੀ ਗਈ ਹੋਵੇ, ਮਹੀਨੇ ਦੀਆਂ ਕਿਸ਼ਤਾਂ ਉਹਨੀਆਂ ਹੀ ਘੱਟ ਹੋਣਗੀਆਂ ।

* ਸਾਰੀਆਂ **ਲਾਈਫ਼ ਲੀਜ਼ਾਂ** ਲਈ ਬਾਈਬੈਕ ਪਾਲਿਸੀ ਹੁੰਦੀ ਹੈ । ਇਸਦਾ ਮਤਲਬ ਸੰਸਥਾ ਮਾਲਿਕ ਕੋਲੋਂ ਯੂਨਿਟ ਵਾਪਸ ਖਰੀਦ ਸਕਦੀ ਹੈ, ਪਰ ਦੁਬਾਰਾ ਕੰਮ ਕਰਨ ਅਤੇ ਯੂਨਿਟ ਨੂੰ ਵੇਚਣ ਕਰਕੇ ਕੁਝ ਫ਼ੀਸ ਲਗਦੀ ਹੈ । ਬਾਈਬੈਕ ਵਿਵਸਥਾ ਕਈ ਤਰਾਂ ਦੀ ਹੁੰਦੀ ਹੈ ਅਤੇ ਇਕਰਾਰਨਾਮਾ ਲਿਖਣ ਤੋਂ ਪਹਿਲਾਂ ਬੜੇ ਧਿਆਨ ਨਾਲ ਇਸ ਦੀਆਂ ਸ਼ਰਤਾਂ ਨੂੰ ਸਮਝ ਲੈਣਾ ਚਾਹੀਦਾ ਹੈ ।

* ਲੋੜਾਂ ਅਤੇ ਸੇਵਾਵਾਂ ਭਾਂਤ ਭਾਂਤ ਦੀਆਂ ਹੁੰਦੀਆਂ ਹਨ । ਕੁਝ ਅਦਾਰੇ ਭਲਾਈ ਕੇਂਦਰ, ਭੋਜਨ (ਜੇ ਲੈਣਾ ਚਾਹੋ) ਅਤੇ ਹੋਰ ਸਰਗਰਮੀਆਂ ਦੀ ਸਹੂਲਤ ਦਿੰਦੇ ਹਨ । ਅਤੇ ਦੂਸਰੇ ਅਦਾਰੇ ਸਿਆਣੀ ਉਮਰ ਦੇ ਉਹਨਾਂ ਬਾਲਗਾਂ ਨੂੰ, ਜੋ ਸੁਰਖਿਅਤ ਮਾਹੋਲ ਵਾਲੀ ਬਿਲਡਿੰਗ ਵਿਚ ਹਮਉਮਰ ਲੋਕਾਂ ਨਾਲ ਰਹਿਣਾ ਪਸੰਦ ਕਰਦੇ ਹਨ, ਇਹ ਸਹੂਲਤਾਂ ਦਿੰਦੇ ਹਨ ।

* **ਕੋਂਡੋ** ਅਤੇ **ਲਾਈਫ਼ ਲੀਜ਼** ਵਾਲੀਆਂ ਰਿਹਾਇਸ਼ਾਂ ਵਿਚ ਯੂਨਿਟ ਦੇ ਬਾਹਰ ਜਾਂ ਸਾਂਝੀ ਥਾਂ ਲਈ ਆਮਤੌਰ ਤੇ ਨਿਯਮ ਕਾਫ਼ੀ ਸਖ਼ਤ ਹੁੰਦੇ ਹਨ ।

* **ਉਮਰ:** ਰਿਹਾਇਸ਼ੀ ਅਦਾਰਿਆਂ ਦੇ ਅਨੁਸਾਰ ।

ਇਸ ਤਰਾਂ ਦੀ ਰਿਹਾਇਸ਼ੀ ਲਿਸਟ ਲਈ http://db.kerbycentre.com/dbtw-wpd/searchhousing.asp ਤੇ ਕੋਂਡੋਸ ਲਾਈਫ਼ ਲੀਜ਼ ਸੈਕਸ਼ਨ ਤੋਂ ਹਾਸਿਲ ਕਰੋ ।

**ਸੀਨੀਅਰ ਸਿਟੀਜ਼ਨ ਲੌਜ ਪਰੋਗਰਾਮ (ਰਿਆਇਤੀ ਸਹਾਇਕ ਰਿਹਾਇਸ਼)**

* ਕੈਲਗਰੀ ਵਿਚ ਸਹਾਇਕ ਰਿਹਾਇਸ਼ ਇਕ ਬਿਨਾ ਲਾਭ ਵਾਲੀ MCF ਹਾਊਸਿੰਗ ਫਾੱਰ ਸੀਨਿਅਰਸ ਨਾਂ ਵਾਲੀ (Metropolitan Calgary Foundation) ਸੰਸਥਾ ਪ੍ਰਦਾਨ ਕਰਦੀ ਹੈ ।

* ਸੇਵਾਵਾਂ ਵਿਚ ਭੋਜਨ, ਘਰ ਦੀ ਦੇਖ-ਭਾਲ, ਚਾਦਰਾਂ ਵਗੈਰਾ ਧੋਣੀਆਂ ਅਤੇ 24 ਘੰਟੇ ਲਈ ਨਾਨ ਮੈਡੀਕਲ ਦੇਖ-ਰੇਖ ਸ਼ਾਮਿਲ ਹੈ । ਭੋਜਨ-ਸੂਚੀ ਵਿਸ਼ੇਸ਼ ਖ਼ੁਰਾਕ ਦੀਆਂ ਜ਼ਰੂਰਤਾਂ ਦੀ ਸਹੂਲਤ ਨਹੀਂ ਦਿੰਦੀ ।

* ਰਿਹਾਇਸ਼ੀ ਜ਼ਰੂਰਤਾਂ: ਕਨੇਡਾ ਵਿਚ 10 ਸਾਲ ਲਈ ਲਗਾਤਾਰ ਰਿਹਾਇਸ਼ ਜ਼ਰੂਰੀ ਹੈ ।

* ਉਮਰ: 65 ਸਾਲ ਜਾਂ ਉਸ ਤੋਂ ਜ਼ਿਆਦਾ । ਜੋੜਿਆਂ ਵਿਚੋਂ ਇਕ ਦੀ ਉਮਰ 65 ਸਾਲਾਂ ਤੋਂ ਅਤੇ ਦੂਸਰੇ ਦੀ 60 ਸਾਲਾਂ ਤੋਂ ਉਤੇ ਹੋਣੀ ਜ਼ਰੂਰੀ ਹੈ ।

* ਐਪਲਾਈ ਕਰਨ ਵਾਲਿਆਂ ਲਈ ਜ਼ਰੂਰੀ ਹੈ ਕਿ ਉਹ ਆਪਣੀ ਸੰਭਾਲ ਖ਼ੁਦ ਕਰ ਸਕਣ ਜਿਵੇਂ ਕਿ ਤਿਆਰ ਹੋਣਾ, ਦਵਾਈ ਲੈਣੀ ਅਤੇ ਭੋਜਨ ਲਈ ਜਾਣਾ । ਘਰ ਦੀ ਸੰਭਾਲ ਲਈ ਕੁਝ ਕੁ ਮਦਦ ਦਿਤੀ ਜਾਂਦੀ ਹੈ ।

* ਕਮਰੇ ਪਰਾਈਵੇਟ ਹੁੰਦੇ ਹਨ ਅਤੇ ਕੁਝ ਲੋੜੀਂਦੀਆਂ ਚੀਜ਼ਾਂ ਉਹਨਾਂ ਵਿਚ ਲਿਆਂਦੀਆਂ ਜਾ ਸਕਦੀਆਂ ਹਨ। ਕੁਝ ਲੌਜਾਂ ਵਿਚ ਨਹਾਉਣ ਧੋਣ ਦੀਆਂ ਸਹੂਲਤਾਂ ਹੁਣ ਤੀਕ ਸਾਂਝੀਆਂ ਹੀ ਹਨ ।

* ਸਰਗਰਮੀਆਂ ਅਤੇ ਸੈਰਸਪਾਟੇ ਦਾ ਪ੍ਰਬੰਧ ਕੀਤਾ ਜਾਂਦਾ ਹੈ ।

* ਕਿਰਾਯਾ ਵਿਅਕਤੀ ਦੀ ਕੁੱਲ ਆਮਦਨ ਦੇ ਹਿਸਾਬ ਨਾਲ (ਇਨਕਮ ਟੈਕਸ ਰਿਟਰਨ ਦੀ ਲਾਈਨ 150) ਆਂਕਿਆ ਜਾਂਦਾ ਹੈ । ਜੋੜਿਆਂ ਦੀ ਇਕਠੀ ਆਮਦਨ ਦੇਖੀ ਜਾਂਦੀ ਹੈ । ਕੇਬਲ, ਪਾਰਕਿੰਗ ਅਤੇ ਫ਼ੋਨ ਦਾ ਖ਼ਰਚਾ ਵਖਰਾ ਹੁੰਦਾ ਹੈ ।

ਐਪਲੀਕੇਸ਼ਨ ਲੈਣ ਲਈ MCF ਹਾਊਸਿੰਗ ਨੂੰ (403)276-5541 ਤੇ ਫ਼ੋਨ ਕਰੋ, ਜਾਂ ਇਸ ਵੈਬਸਾਈਟ ਤੋਂ ਡਾਊਨਲੋਡ ਕਰੋ : http://www.mcfhousing.com/?section=apply now&page=home

**ਪਰਾਈਵੇਟ ਸੁਪੋਰਟਿਵ ਲਿਵਿੰਗ (ਸਹਾਇਕ ਰਿਹਾਇਸ਼}**

* ਨਿਜੀ ਤੌਰ ਤੇ ਫੰਡ ਕੀਤੀ ਅਤੇ ਚਲਾਈ ਜਾਣ ਵਾਲੀ ਸੰਪਤੀ ਰਿਆਇਤੀ ਨਹੀਂ ਹੁੰਦੀ । ਵਸਨੀਕ ਇਸਦਾ ਪੂਰਾ ਮੁੱਲ ਦਿੰਦੇ ਹਨ ।

* ਸਟੂਡੀਉ, ਇਕ-ਬੈਡਰੂਮ ਅਤੇ ਕੁਝ ਕੁ ਦੋ-ਬੈਡਰੂਮ ਵਾਲੇ ਅਪਾਰਟਮੈਂਟਸ ਉਪਲਭਧ ਹਨ ।

* ਜ਼ਿਆਦਾਤਰ ਸਵੀਟਾਂ ਦੀ ਰਸੋਈ ਲੋੜ ਅਨੁਸਾਰ ਬਦਲੀ ਗਈ ਹੁੰਦੀ ਹੈ (ਕੱਪਬੋਰਡ, ਸਿੰਕ, ਮਾਈਕਰੋਵੇਵ, ਬਾਰ-ਫ਼ਰਿਜ) ।

* ਬੁਨਿਆਦੀ ਸੇਵਾਵਾਂ: ਭੋਜਨ, ਸਨੈਕਸ, ਘਰ ਦੀ ਦੇਖ-ਭਾਲ, ਲਿਨਨ ਸਰਵਿਸ, ਸਮਾਜਿਕ ਰੁਝੇਵੇਂ ਅਤੇ ਐਪੌਆਇੰਟਮੈਂਟਸ ਤੇ ਆਣ-ਜਾਣ ਲਈ ਬਸ ਸਰਵਿਸ ।

* ਕੁੱਝ ਕੁ ਰਿਹਾਇਸ਼ਾਂ ਵਿਚ ਵਾਧੂ ਸਾਂਭ ਸੰਭਾਲ ਦਾ ਖ਼ਰਚਾ ਦਿਤਾ ਜਾਂਦਾ ਹੈ, ਜਦ ਕਿ ਬਾਕੀਆਂ ਵਿਚ ਵਸਨੀਕ ਘਰ ਦੀ ਦੇਖ਼-ਭਾਲ ਅਤੇ ਨਿੱਜੀ ਸਾਂਭ-ਸ਼ੰਭਾਲ ਦੀਆਂ ਜ਼ਰੂਰਤਾਂ ਆਪ ਪੂਰੀਆਂ ਕਰਦੇ ਹਨ ।

* ਹਰ ਇਕ ਸੰਸਥਾ ਅਨੇਕ ਤਰਾਂ ਦੀਆਂ ਸਮਾਜਿਕ ਸਹੂਲਿਤਾਂ ਦਿੰਦੀ ਹੈ ਜਿਵੇਂ ਕਿ ਲਾਇਬਰੇਰੀ, ਐਕਟੀਵਿਟੀ ਰੂਮ, ਪਰਵਾਰਕ ਭੋਜਨ ਸ਼ਾਲਾ ਅਤੇ ਮੂਵੀ ਥਿਏਟਰ।

* ਮਹੀਨੇ ਦਾ ਖ਼ਰਚਾ 1295 ਡਾੱਲਰ ਤੋਂ ਲੈ ਕੇ 5995 ਡਾੱਲਰ ਦਾ ਹੈ, ਜੋ ਰਿਟਾਇਰਡ ਨਿਵਾਸ-ਸਥਾਨ, ਸਵੀਟ ਦੇ ਸਾਈਜ਼ ਅਤੇ ਪਸੰਦ ਦੀਆਂ ਸੇਵਾਵਾਂ ਤੇ ਨਿਰਭਰ ਕਰਦਾ ਹੈ ।

ਇਸ ਤਰਾਂ ਦੀ ਰਿਹਾਇਸ਼ ਦੀ ਲਿਸਟ ਲਈ http://db.kerbycentre.com/dbtw-wpd/searchhousing.asp ਤੇ ਜਾ ਕੇ ਪਰਾਈਵੇਟ ਸੂਪੋਰਟਿਵ ਲਿਵਿੰਗ ਤੇ ਸਰਚ ਕਰੋ ।

**ਕੇਅਰ ਸੈਂਟਰਸ (24 ਘੰਟੇ ਲਈ ਨਰਸਿੰਗ ਕੇਅਰ}**

* ਨਰਸਿੰਗ ਹੋਮ ਜਾਂ ਲੌਂਗ-ਟਰਮ ਕੇਅਰ ਸੈਂਟਰ ਦੇ ਨਾਂ ਨਾਲ ਵੀ ਜਾਣੇ ਜਾਂਦੇ ਹਨ ।

* ਰਿਹਾਇਸ਼ ਦੀਆਂ ਸ਼ਰਤਾਂ: ਐਲਬਰਟਾ ਸਰਕਾਰ ਕੇਅਰ ਸੈਂਟਰ ਵਿਚ ਰਹਿਣ ਵਾਲੇ ਹਰ ਉਸ ਵਿਅਕਤੀ ਨੂੰ ਰਿਆਇਤ ਦਿੰਦੀ ਹੈ ਜੋ:

    * ਐਲਬਰਟਾ ਵਿਚ ਇਕ ਸਾਲ ਤੋਂ ਅਤੇ ਕਨੇਡਾ ਵਿਚ ਘੱਟ ਤੋਂ ਘੱਟ 10 ਸਾਲਾਂ ਤੋਂ ਰਹਿ ਰਿਹਾ ਹੋਵੇ

    * ਐਲਬਰਟਾ ਵਿਚ ਪਹਿਲਾਂ ਕਿਸੇ ਸਮੇਂ ਲਗਾਤਾਰ 3 ਸਾਲਾਂ ਤਕ ਰਿਹਾ ਹੋਵੇ ।

* ਰਿਹਾਇਸ਼ ਦੇ ਹੋਰ ਵਿਕਲਪ: ਜੋ ਲੋਕ ਰਿਆਇਤੀ ਕੀਮਤ ਲਈ ਐਲਬਰਟਾ ਦੇ ਵਸਨੀਕ ਨਹੀਂ ਮਨੇ ਜਾ ਸਕਦੇ, ਉਹਨਾਂ ਨੂੰ ਮੁਮਕਨ ਹਲ ਲਈ ਹਸਪਤਾਲ ਦੇ ਸੋਸ਼ਲ ਵਰਕਰ ਜਾਂ ਹੋਮ ਕੇਅਰ ਪਰਬੰਧਕ ਨਾਲ ਸੰਪਰਕ ਕਰਨਾ ਚਾਹੀਦੀ ਹੈ ।

* ਰਿਹਾਇਸ਼ ਅਤੇ ਸੇਹਤ ਦੀ ਸਹੂਲਤ ਉਹਨਾਂ ਨੂੰ ਦਿਤੀ ਜਾਂਦੀ ਹੈ ਜਿਹਨਾਂ ਨੂੰ ਬਹੁਤ ਜ਼ਿਆਦਾ ਸੰਭਾਲ ਦੀ ਜ਼ਰੂਰਤ ਹੁੰਦੀ ਹੈ, ਕੋਈ ਗੰਭੀਰ ਬਿਮਾਰੀ ਹੂੰਦੀ ਹੈ, ਜਾਂ ਜਿਹਨਾਂ *ਦੀ* ਮਾੜੀ ਮੈਡੀਕਲ ਹਾਲਤ ਹੁੰਦੀ ਹੈ ।

* ਸੇਵਾਵਾਂ: 24 ਘੰਟੇ ਦੀ ਨਰਸਿੰਗ ਅਤੇ ਪਰਸਨਲ ਕੇਅਰ, ਫ਼ਿਜ਼ਿਐਥਰੈਪੀ, ਵਿਵਸਾਇਕ ਤੇ ਮਨੋਰੰਜਕ ਚਿਕਿਤਸਾ, ਸਮਾਜਿਕ ਸੇਵਾਵਾਂ ਤੇ ਧਰਮ-ਉਪਦੇਸ਼ਕ ਦੀ ਸਲਾਹ, ਦਵਾਈਆਂ ਦੀ ਸੇਵਾ ਅਤੇ ਔਕਸੀਜ਼ਨ ਚਿਕਿਤਸਾ ।

* ਕਿਰਾਏ ਵਿਚ ਪੂਰਾ ਜਾਂ ਸਾਂਝਾ ਕਮਰਾ, ਪਰਾਈਵੇਟ ਜਾਂ ਸਾਂਝਾ ਸਨਾਨਘਰ, ਸਾਰੇ ਭੋਜਨ ਸਨੈਕਸ ਸਮੇਤ, ਪਰਸਨਲ ਕੇਅਰ, ਨਰਸਿੰਗ, ਦਵਾਈ ਦੇਣ ਦਾ ਧਿਆਨ ਰਖਣਾ ਅਤੇ ਸਮਾਜਿਕ ਸਰਗਰਮੀਆਂ ਆਦਿ ਸ਼ਾਮਿਲ ਹਨ । ਪਹਿਲੀ ਅਕਤੂਬਰ 2007 ਤੋਂ ਪਰਾਈਵੇਟ ਕਮਰੇ ਦਾ 50.75 ਡਾਲਰ ਅਤੇ ਸਾਂਝੇ ਕਮਰਾ ਦਾ 44 ਡਾਲਰ ਕਿਰਾਯਾ ਲਗਦਾ ਹੈ ।

* ਕਈ ਕੇਅਰ ਸੈਂਟਰ ਵਿਸ਼ੇਸ਼ ਸੇਵਾਵਾਂ ਪਰਦਾਮ ਕਰਦੇ ਹਨ, ਜਿਵੇਂ ਕਿ ਮੁੜ ਵਸੇਬਾ, ਢਾਰਸ ਦੇਣਾ, ਅਧਰੰਗ ਤੋਂ ਰਾਜ਼ੀ ਹੋਣ ਬਾਦ ਜਾਂ ਦਿਮਾਗੀ ਬਿਮਾਰ ਦੀ ਦੇਖ-ਭਾਲ । ਵਿੰਗ ਕੇਈ ਕੇਅਰ ਸੈਂਟਰ ਵਾਲੇ ਚੀਨੀ ਭਾਸ਼ਾ, ਸੱਭਿਆਚਾਰ ਅਤੇ ਖ਼ੁਰਾਕ ਬਾਰੇ ਵਿਸ਼ੇਸ਼ ਮੁਹਾਰਤ ਰਖਦੇ ਹਨ ।

* ਭਾਸ਼ਾ: ਉਹਨਾਂ ਥਾਂਵਾਂ ਤੋਂ ਇਲਾਵਾ, ਜੋ ਚੀਨੀ ਭਾਸ਼ਾ ਦੀ ਸਹੂਲਤ ਦਿੰਦੀਆਂ ਹਨ, ਸਾਰੀਆਂ ਸੇਵਾਂਵਾਂ ਇੰਗਲਿਸ਼ ਵਿਚ ਹੁੰਦੀਆਂ ਹਨ ।

* ਦਾਖ਼ਲਾ ਕੈਲਗਰੀ ਹੈਲਥ ਰੀਜਨ ਦੇ ਕਿਸੇ ਕਮਯੂਨਿਟੀ ਕੇਅਰ ਦੇ ਪਰਬੰਧਕ ਵਲੋਂ ਤੈ ਕਰਨ ਤੇ ਹੁੰਦਾ ਹੋ। ਹੋਰ ਜਾਣਕਾਰੀ ਲਈ ਜਾਂ ਮੁਲਾਂਕਣ ਕਰਾਣ ਵਾਸਤੇ ਇਸ ਨੰਬਰ ਤੇ ਫ਼ੋਨ ਕਰੋ । (403)943-1920